ਬਲਾਚੌਰ ਵਿਖੇ ਧਰਨੇ ਨੂੰ ਸੰਬੋਧਨ ਕਰਦੇ ਹੋਏ ਪੁਨਰ ਸੁਰਜੀਤ ਅਕਾਲੀ ਦਲ ਦੇ ਆਗੂ ਅਮਿਤ ਕੁਮਾਰ ਸੇਠੀ ਸਰਪੰਚ ਥੋਪੀਆ। ਤਸਵੀਰ : ਦੀਦਾਰ ਸਿੰਘ ਬਲਾਚੌਰੀਆ

ਮਾਨ ਸਰਕਾਰ ਹਰ ਫਰੰਟ 'ਤੇ ਬੁਰੀ ਤਰਾਂ ਨਾਕਾਮ, ਦਿਨ ਪ੍ਰਤੀ ਦਿਨ ਵਿਕਾਸ ਪੱਖੋਂ ਪੱਛੜ ਰਿਹਾ ਹਲਕਾ ਬਲਾਚੌਰ - ਸੇਠੀ ਸਰਪੰਚ ਥੋਪੀਆ

• ਵੱਖ-ਵੱਖ ਸਮੱਸਿਆਵਾਂ ਤੇ ਮੰਗਾਂ ਨੂੰ ਲੈ ਕੇ ਪੁਨਰ ਸੁਰਜੀਤ ਅਕਾਲੀ ਦਲ ਹਲਕਾ ਬਲਾਚੌਰ ਵਲੋਂ ਧਰਨਾ

ਬਲਾਚੌਰ, 27 ਨਵੰਬਰ (ਦੀਦਾਰ ਸਿੰਘ ਬਲਾਚੌਰੀਆ) - ਬਲਾਚੌਰ ਇਲਾਕੇ ਦੀਆਂ ਮੁੱਖ ਸਮੱਸਿਆਵਾਂ ਤੇ ਮੰਗਾਂ ਨੂੰ ਲੈ ਕੇ ਪੁਨਰ ਸੁਰਜੀਤ ਅਕਾਲੀ ਦਲ ਹਲਕਾ ਬਲਾਚੌਰ ਤੇ ਹੋਰ ਹਲਕਾ ਹਿਤੈਸ਼ੀਆਂ ਵੱਲੋਂ ਬੁਲੇਵਾਲ ਮੋੜ ਨੇੜੇ ਸੜਕ 'ਤੇ ਧਰਨਾ ਲਾ ਕੇ ਪੰਜਾਬ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ। ਇਸ ਮੌਕੇ ਪੁਨਰ ਸੁਰਜੀਤ ਅਕਾਲੀ ਦਲ ਦੀ ਵਰਕਿੰਗ ਕਮੇਟੀ ਮੈਂਬਰ ਅਮਿਤ ਕੁਮਾਰ ਸੇਠੀ ਸਰਪੰਚ ਥੋਪੀਆ ਨੇ ਆਖਿਆ ਕਿ ਬਲਾਚੌਰ ਦੀਆਂ ਮੁੱਖ ਸੜਕਾਂ ਤੇ ਸੰਪਰਕ ਸੜਕਾਂ ਦੀ ਮਾੜੀ ਹਾਲਤ ਅਤੇ ਹੋਰ ਪ੍ਰਮੁੱਖ ਸਮੱਸਿਆਵਾਂ ਨੂੰ ਦੇਖਦਿਆਂ ਕੁੱਝ ਸਮਾਂ ਪਹਿਲਾਂ ਸਰਕਾਰ ਨੂੰ ਚਿਤਾਵਨੀ ਦਿੱਤੀ ਸੀ, ਪਰ ਕੋਈ ਕਾਰਵਾਈ ਅਮਲ ਵਿੱਚ ਨਹੀ ਲਿਆਂਦੀ ਗਈ। ਜਿਸ ਕਾਰਨ ਸਥਾਨਕ ਲੋਕਾਂ ਤੇ ਸਾਡੀ ਜਥੇਬੰਦੀ ਵੱਲੋਂ ਧਰਨਾ ਲਾਇਆ ਗਿਆ। ਉਨ੍ਹਾਂ ਕਿਹਾ ਕਿ ਬੇਸਹਾਰਾ ਪਸ਼ੂਆਂ ਕਾਰਨ ਹੋ ਰਹੇ ਹਾਦਸਿਆਂ, ਪੰਜਾਬ ਵਿੱਚ ਹੋ ਰਹੇ ਕਤਲਾਂ, ਡਕੈਤੀਆਂ, ਨਸ਼ਿਆਂ ਨਾਲ ਹੋ ਰਹੀਆਂ ਮੌਤਾਂ ਪ੍ਰਤੀ ਸਰਕਾਰ ਆਪਣਾ ਫਰਜ ਨਿਭਾਉਣ ਵਿੱਚ ਅਸਫਲ ਸਾਬਤ ਹੋਈ ਹੈ। ਇਸ ਤੋਂ ਇਲਾਵਾ ਸਿਹਤ ਸਕੀਮ ਤਹਿਤ 10 ਲੱਖ ਰੁਪਏ ਦਾ ਵਾਅਦਾ ਅਤੇ ਔਰਤਾਂ ਨੂੰ 1100 ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਚਿੱਟਾ ਹਾਥੀ ਸਾਬਤ ਹੋ ਰਿਹਾ ਹੈ। ਸੇਠੀ ਨੇ ਕਿਹਾ ਕਿ ਮੁੱਖ ਮੰਤਰੀ ਸਾਹਿਬ ਤੁਸੀ ਤਾਂ ਕਹਿ ਰਹੇ ਸੀ ਕਿ ਵੀ.ਆਈ.ਪੀ ਸੱਭਿਆਚਾਰ ਖਤਮ ਕਰਾਂਗੇ, ਪਰ ਤੁਸੀ ਤਾਂ ਸਾਰੇ ਹੱਦ ਬੰਨੇ ਪਾਰ ਕਰ ਗਏ ਹੋ। ਇਸ ਤੋਂ ਇਲਾਵਾ ਹੜ੍ਹ ਪੀੜਤਾਂ ਨੂੰ ਮੁਆਵਜਾ ਜਾਰੀ ਕਰਨ ਅਤੇ ਬਲਾਚੌਰ ਇਲਾਕੇ ਅੰਦਰ ਚੱਲ ਰਹੇ ਨਾਜਾਇਜ਼ ਮਾਈਨਿੰਗ ਦੇ ਗੋਰਖਧੰਦੇ ਨੂੰ ਬੰਦ ਕਰਨ ਦੀ ਅਪੀਲ ਕੀਤੀ। ਇਸਦੇ ਦੇ ਨਾਲ ਬੇਰੁਜਗਾਰੀ ਭੱਤਾ ਦੇਣ ਦੀ ਗੱਲ ਆਖੀ। ਸੇਠੀ ਸਰਪੰਚ ਨੇ ਕਿਹਾ ਕਿ ਜੇਕਰ ਸਰਕਾਰ ਨੇ ਸੁਹਿਰਦਤਾ ਨਾ ਦਿਖਾਈ ਤਾਂ ਆਉਣ ਵਾਲੇ ਸਮੇਂ ਦੌਰਾਨ ਹਲਕਾ ਵਿਧਾਇਕਾ ਬੀਬੀ ਕਟਾਰੀਆ ਦੇ ਘਰ ਅੱਗੇ ਧਰਨਾ ਦੇ ਕੇ ਮਾਨ ਸਰਕਾਰ ਦੀਆਂ ਲੋਕ ਵਿਰੋਧੀਆਂ ਨੀਤੀਆਂ ਦਾ ਪਿੱਟ ਸਿਆਪਾ ਕਰਨ ਤੋਂ ਪਿੱਛੇ ਨਹੀ ਹਟਾਂਗੇ। ਇਸ ਮੌਕੇ ਸੀਨੀਅਰ ਆਗੂ ਠੇਕੇਦਾਰ ਗੁਰਚਰਨ ਸਿੰਘ ਉੱਲਦਣੀ ਅਤੇ ਸੁਰਜੀਤ ਸਿੰਘ ਦੋਭਾਲੀ ਨੇ ਆਖਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਪੱਲੇ ਸਿਵਾਏ ਗੱਲਾਂ ਦਾ ਕੜਾਹ ਬਣਾਉਣ ਤੋਂ ਹੋਰ ਕੁੱਝ ਨਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨਾਂ ਨੂੰ ਰੋਜਗਾਰ ਤਾਂ ਕੀ ਦੇਣਾ ਸਗੋਂ ਦਿੱਲੀ ਤੇ ਉੱਤਰ ਪ੍ਰਦੇਸ਼ ਦੇ ਲੋਕਾਂ ਨੂੰ ਇਨ੍ਹਾਂ ਦਿਨਾਂ ਵਿੱਚ ਕੰਮ ਦਿੱਤੇ ਗਏ ਹਨ, ਜਿਸਦੀ ਮਿਸਾਲ ਕਿ ਸ਼ੋਸ਼ਲ ਮੀਡੀਆ 'ਤੇ ਯੂ.ਪੀ ਤੇ ਦਿੱਲੀ ਤੋਂ ਆਏ ਕਾਮਿਆਂ ਵੱਲੋਂ ਦਿੱਤੇ ਕਥਿਤ ਬਿਆਨਾਂ ਤੋਂ ਪਤਾ ਚੱਲਦਾ ਹੈ ਉਨ੍ਹਾਂ ਕਿਹਾ ਕਿ ਨਗਰ ਕੀਰਤਨ ਲਈ ਵਾਹਨ ਵੀ ਪੰਜਾਬ ਤੋਂ ਬਾਹਰੀ ਸੂਬਿਆਂ ਤੋਂ ਮੰਗਵਾਏ ਗਏ, ਇਸੀ ਤਰਾਂ ਟੈਂਟ ਲਾਈਟਿੰਗ ਤੋਂ ਹੋਰ ਸਜਾਵਟੀ ਕੰਮਾਂ ਲਈ ਸਮਾਨ ਤੇ ਕਾਮੇ ਵੀ ਬਾਹਰਲੇ ਨਜ਼ਰੀ ਪਏ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਾ ਵਾਹਨਾਂ ਦੀ ਘਾਟ ਹੈ ਤੇ ਨਾ ਹੀ ਟੈਂਟ, ਸਜਾਵਟੀ ਸਾਜੋ ਸਮਾਨ ਦੀ ਤੇ ਨਾ ਹੀ ਮਿਹਨਤੀ ਕਾਮਿਆਂ ਦੀ। ਇਸੀ ਤਰਾਂ ਰਾਹੁਲ ਆਦੋਆਣਾ ਨੇ ਹਲਕੇ ਵਿੱਚ ਸਤਾਧਾਰੀਆਂ ਦੀ ਸ਼ਹਿ 'ਤੇ ਹੋ ਰਹੀ ਗੁੰਡਾਗਰਦੀ ਸਬੰਧੀ ਚਾਨਣਾ ਪਾਇਆ। ਇਸ ਮੌਕੇ ਐਸ.ਡੀ.ਐਮ ਬਲਾਚੌਰ ਦੇ ਨਾਂਅ ਜਾਰੀ ਮੰਗ ਪੱਤਰ ਤਹਿਸੀਲਦਾਰ ਸੁਖਬੀਰ ਕੌਰ ਨੇ ਪ੍ਰਾਪਤ ਕੀਤਾ। ਇਸ ਮੌਕੇ ਸੰਜੀਵ ਕੁਮਾਰ ਬਿੱਲੂ ਪੰਡਿਤ, ਸੁਰਿੰਦਰ ਸਿੰਘ, ਪ੍ਰਵੀਨ ਕੁਮਾਰ, ਹੁਸਨ ਲਾਲ, ਰਾਮਪਾਲ, ਮਦਨ ਲਾਲ, ਲੱਕੀ, ਮਹਿੰਦਰਪਾਲ, ਸੁਮਿਤ ਕੁਮਾਰ ਤੇ ਹੋਰ ਹਾਜ਼ਰ ਸਨ।

ਤਹਿਸੀਲਦਾਰ ਬਲਾਚੌਰ ਮੈਡਮ ਸੁਖਬੀਰ ਕੌਰ ਨੂੰ ਮੰਗ ਪੱਤਰ ਸੌਂਪਦੇ ਹੋਏ ਸੇਠੀ ਸਰਪੰਚ ਥੋਪੀਆ ਤੇ ਹੋਰ। ਤਸਵੀਰਾਂ : ਦੀਦਾਰ ਸਿੰਘ ਬਲਾਚੌਰੀਆ

ਗੁ. ਸਿੰਘ ਸਭਾ ਗੋਬਿੰਦਪੁਰ ਵਿਖੇ ਕਰਾਏ ਸ਼ਹੀਦੀ ਸਮਾਗਮ ਦੇ ਦੀਵਾਨ 'ਚ ਕੀਰਤਨ ਕਰਦਾ ਕੀਰਤਨੀ ਜਥਾ ਅਤੇ ਕਥਾ ਕਰਦੇ ਕਥਾਵਾਚਕ। ਤਸਵੀਰ : ਕਰਮ ਲਧਾਣਾ

ਗੁ. ਸਿੰਘ ਸਭਾ ਗੋਬਿੰਦਪੁਰ ਵਿਖੇ ਨੌਵੇਂ ਪਾਤਿਸ਼ਾਹ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ

ਬੰਗਾ, 27 ਨਵੰਬਰ (ਸੁਰਿੰਦਰ ਸਿੰਘ ਕਰਮ ਲਧਾਣਾ) - ਗੁਰਦੁਆਰਾ ਸਿੰਘ ਸਭਾ ਗੋਬਿੰਦਪੁਰ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਦੀਆਂ ਸਿੱਖ ਸੰਗਤਾਂ ਵਲੋਂ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ 350 ਸਾਲਾ ਸ਼ਹੀਦੀ ਗੁਰਪੁਰਬ ਸ਼ਰਧਾ ਸਤਿਕਾਰ ਪੂਰਵਕ ਮਨਾਇਆ ਗਿਆ। ਜਿਸ ਦੇ ਅਰੰਭ ਵਿੱਚ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਭਾਰੀ ਦੀਵਾਨ ਸਜਾਏ ਗਏ। ਜਿਸਦੀ ਅਰੰਭਤਾ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਪਾਤਸ਼ਾਹੀ ਛੇਵੀਂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹਜ਼ੂਰੀ ਕੀਰਤਨੀਏ ਭਾਈ ਸਤਨਾਮ ਸਿੰਘ ਗੁ. ਸ੍ਰੀ ਚਰਨ ਕੰਵਲ ਨੇ ਸੰਗਤਾਂ ਨੂੰ ਵੈਰਾਗੀ ਕੀਰਤਨ ਦੁਆਰਾ ਆਤਮ ਵਿਭੋਰ ਕੀਤਾ। ਇਸ ਤਰ੍ਹਾਂ ਅਗਲੀ ਵਾਰੀ ਉੱਘੇ ਕਥਾ ਵਾਚਕ ਭਾਈ ਕੁਲਵਿੰਦਰ ਸਿੰਘ ਸੁੱਧਾ ਮਾਜਰਾ ਵਾਲਿਆਂ ਦੀ ਸੀ। ਉਨ੍ਹਾਂ ਅੰਤਰ ਧਿਆਨ ਹੋ ਕੇ ਬੈਠੀ ਸਿੱਖ ਸੰਗਤਾਂ ਨੂੰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਮਿਸਾਲੀ ਜੀਵਨ ਅਤੇ ਉਨ੍ਹਾਂ ਵਲੋਂ ਕੀਤੀ ਲਾਮਿਸਾਲ ਕੁਰਬਾਨੀ ਦਾ ਵੈਰਾਗਮਈ ਇਤਿਹਾਸ ਸੁਣਾ ਕੇ ਭਾਵੁਕ ਕਰ ਦਿੱਤਾ। ਇਹ ਅਜੇਹੇ ਯਾਦਗਾਰੀ ਪਲ ਸਨ ਕਿ ਜਿਸ ਮੌਕੇ ਸਮੁੱਚੀਆਂ ਸੰਗਤਾਂ ਨਮ ਅੱਖਾਂ ਨਾਲ ਗੁਰੂ ਸਾਹਿਬ ਜੀ ਦੀ ਯਾਦ ਨੂੰ ਸੀਨੇ ਵਿੱਚ ਸਾਂਭੀ ਬੈਠੀਆਂ ਸਨ। ਇਸ ਮੌਕੇ ਸੰਗਤਾਂ 'ਚ ਸੰਤ ਮਹਾਂਪੁਰਸ਼ ਸੰਤ ਬਾਬਾ ਜੋਗਿੰਦਰ ਸਿੰਘ ਨੈਣੀ ਵਾਲੇ ਮੁੱਖ ਸੇਵਾਦਾਰ ਗੁ. ਨਵੀਂ ਨਿਰਮਲ ਕੁਟੀਆ ਅਟਾਰੀ, ਰਾਮਪੁਰ, ਗੋਬਿੰਦਪੁਰ, ਸ. ਊਧਮ ਸਿੰਘ, ਸ. ਸੁੱਚਾ ਸਿੰਘ, ਸ. ਅਮਨਦੀਪ ਸਿੰਘ, ਸ. ਅਵਤਾਰ ਸਿੰਘ ਗੋਬਿੰਦਪੁਰ, ਮੁੱਖ ਪ੍ਰਬੰਧਕ ਅਤੇ ਸਟੇਜ ਸੰਚਾਲਕ ਗਿ. ਸੁਖਵਿੰਦਰ ਸਿੰਘ ਗੋਬਿੰਦਪੁਰੀ, ਅਵਤਾਰ ਸਿੰਘ, ਲਹਿੰਬਰ ਸਿੰਘ, ਬਾਬਾ ਸੋਹਣ ਸਿੰਘ, ਸ. ਰੇਸ਼ਮ ਸਿੰਘ ਅਟਾਰੀ, ਸ. ਰਘਵੀਰ ਸਿੰਘ ਅਟਾਰੀ, ਗਿ. ਸਤਵੀਰ ਸਿੰਘ ਜੀਂਦੋਵਾਲ, ਇੰਦਰਜੀਤ ਸਿੰਘ ਹੀਉਂ, ਸ. ਸੋਹਣ ਸਿੰਘ ਹੀਉਂ, ਸੁਰਿੰਦਰ ਸਿੰਘ ਪੱਦੀ ਮੱਠਵਾਲੀ, ਅਮਰਜੀਤ ਸਿੰਘ ਪੱਦੀ ਮੱਠਵਾਲੀ, ਸ. ਹਰਪ੍ਰੀਤ ਸਿੰਘ ਹੈਪੀ ਜੀਂਦੋਵਾਲ ਆਦਿ ਹਾਜ਼ਰ ਸਨ।

ਇੰਦਰਪੁਰੀ ਕੰਨਿਆ ਸਕੂਲ ਹੇੜੀਆਂ ਵਿਖੇ ਸੰਵਿਧਾਨ ਦਿਵਸ ਮਨਾਇਆ

ਔੜ/ਝਿੰਗੜਾਂ, 27 ਨਵੰਬਰ (ਕੁਲਦੀਪ ਸਿੰਘ ਝਿੰਗੜ)-ਇੰਦਰਪੁਰੀ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਹੇੜੀਆਂ ਵਿਖੇ ਸੰਵਿਧਾਨ ਦਿਵਸ ਮਨਾਇਆ ਗਿਆ। ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਭਾਰਤੀ ਸੰਵਿਧਾਨ ਅਤੇ ਉਸਦੇ ਲਾਗੂ ਹੋਣ ਬਾਰੇ ਵਿਸਤਾਰ ਪੂਰਵਕ ਜਾਣਕਾਰੀ ਦਿੱਤੀ। ਪ੍ਰਿੰਸੀਪਲ ਜਸਵਿੰਦਰ ਕੌਰ ਨੇ ਦੱਸਿਆ ਕਿ ਕਿਵੇਂ ਡਾ. ਭੀਮ ਰਾਓ ਅੰਬੇਡਕਰ ਨੇ ਇਸ ਸੰਵਿਧਾਨ ਨੂੰ ਤਿਆਰ ਕੀਤਾ ਅਤੇ ਲਾਗੂ ਕਰਵਾਉਣ ਬਾਰੇ ਵਡਮੁੱਲੇ ਵਿਚਾਰਾਂ ਦੀ ਸਾਂਝ ਪਾਈ। ਲੈਕਚਰਾਰ ਮੱਖਣ ਬਖਲੌਰ ਨੇ ਸੰਵਿਧਾਨ ਵਿੱਚ ਸ਼ਾਮਿਲ ਮਨੁੱਖੀ ਅਧਿਕਾਰਾਂ ਬਾਰੇ ਗੱਲ ਕੀਤੀ। ਮੈਡਮ ਸੀਮਾ ਰਾਣੀ ਨੇ ਵੀ ਸੰਵਿਧਾਨ ਸਬੰਧੀ ਆਪਣੇ ਵਿਚਾਰ ਪੇਸ਼ ਕੀਤੇ। ਇਸ ਮੌਕੇ ਵਿਦਿਆਰਥੀਆਂ ਵਿਚੋਂ ਹਰਸਿਮਰਨ ਕੌਰ, ਗੁੰਜਨ ਦੀਕਸ਼ਾ ਨੇ ਆਪਣੇ ਆਪਣੇ ਵਿਚਾਰ ਪੇਸ਼ ਕੀਤੇ। ਸੰਵਿਧਾਨ ਦਿਵਸ ਮੌਕੇ ਬੱਚਿਆਂ ਦੇ ਪੇਂਟਿੰਗ ਮੁਕਾਬਲੇ ਕਰਵਾਏ ਗਏ ਅਤੇ ਕੁਇਜ਼ ਕੰਪੀਟੀਸ਼ਨ ਵੀ ਕਰਵਾਇਆ ਗਿਆ। ਇਹਨਾਂ ਵੱਖ-ਵੱਖ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥਣਾਂ ਨੂੰ ਪ੍ਰਿੰਸੀਪਲ ਜਸਵਿੰਦਰ ਕੌਰ ਅਤੇ ਸਮੂਹ ਸਟਾਫ਼ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਾ. ਜਤਿੰਦਰ ਕੁਮਾਰ, ਸੀਮਾ ਰਾਣੀ, ਅਨੀਤਾ ਰਾਣੀ, ਸੀਮਾ ਕਲਸੀ, ਨਵਜੋਤ ਕੌਰ, ਪਰਮਜੀਤ ਕੌਰ, ਪੂਜਾ ਮੈਡਮ, ਪਰਮਜੀਤ ਕੈਂਪਸ ਮੈਨੇਜਰ, ਇੰਦਰਜੋਤ ਮਨਪ੍ਰੀਤ ਕੌਰ ਆਦਿ ਹਾਜ਼ਰ ਸਨ।

ਲਾਇਨਜ਼ ਕਲੱਬ ਬੰਗਾ ਸਿਟੀ ਸਮਾਇਲ ਨੇ 22 ਮਰੀਜ਼ਾਂ ਦੇ ਕਰਾਏ ਮੁਫ਼ਤ ਆਪ੍ਰੇਸ਼ਨ

ਬੰਗਾ, 27 ਨਵੰਬਰ (ਸੁਰਿੰਦਰ ਸਿੰਘ ਕਰਮ ਲਧਾਣਾ) - ਲਾਇਨਜ਼ ਕਲੱਬ ਬੰਗਾ ਸਿਟੀ ਸਮਾਈਲ ਵਲੋਂ ਇੰਟਰਨੈਸ਼ਨਲ ਪ੍ਰੈਜ਼ੀਡੈਂਟ ਲਾਇਨ ਏ. ਪੀ ਸਿੰਘ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਅਤੇ ਨੌਜਵਾਨ ਲਾਇਨ ਆਗੂ ਲਾਇਨ ਰਾਮ ਜੀਤ ਸਿੰਘ ਦੀ ਰਹਿਨੁਮਾਈ ਹੇਠ ਸ੍ਰੀ ਗੁਰੂ ਰਵਿਦਾਸ ਮਿਸ਼ਨ ਚੈਰੀਟੇਬਲ ਹਸਪਤਾਲ ਥਾਂਦੀਆਂ ਵਿਖੇ 22 ਲੋੜਵੰਦ ਅੱਖਾਂ ਦੇ ਮਰੀਜ਼ਾਂ ਦੇ ਅਪਰੇਸ਼ਨ ਕਰਵਾਏ। ਇਸ ਵੱਡੇ ਕਾਰਜ ਲਈ ਸ: ਹਰਮੇਸ਼ ਸਿੰਘ, ਸ: ਗੁਰਦਿਆਲ ਸਿੰਘ ਵਿਰਕ ਕੈਨੇਡਾ ਵਾਸੀ ਅਤੇ ਰਾਮ ਮੂਰਤੀ ਨੇ ਵਿਸ਼ੇਸ਼ ਸਹਿਯੋਗ ਦਿੱਤਾ। ਇਸ ਸਮਾਗਮ 'ਚ ਲਾਇਨ ਪਰਮਜੀਤ ਸਿੰਘ ਚਾਵਲਾ ਪੀ. ਡੀ. ਜੀ ਮੁੱਖ ਮਹਿਮਾਨ ਅਤੇ ਲਾਇਨ ਕੁਲਦੀਪ ਭੂਸ਼ਨ ਰੀਜਨ ਚੇਅਰਪਰਸਨ ਨੇ ਗੈਸਟ ਆਫ਼ ਆਨਰ ਦੇ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਬੁਲਾਰਿਆਂ ਨੇ ਮਰੀਜਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕਲੱਬ ਵਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ ਕੈਂਪ ਲਗਵਾ ਕੇ ਬਹੁਤ ਵਧੀਆ ਕਾਰਜ ਕੀਤਾ ਹੈ। ਲੋੜਵੰਦ ਪਰਿਵਾਰਾਂ ਦੀ ਮਦਦ ਕਰਨਾ ਹੀ ਸਹੀ ਅਰਥਾਂ ਵਿੱਚ ਗੁਰੂ ਸਾਹਿਬ ਦੀ ਸੇਵਾ ਹੈ। ਉਨ੍ਹਾਂ ਕਲੱਬ ਮੈਂਬਰਾਂ ਤੋਂ ਭਵਿੱਖ ਵਿੱਚ ਹੋਰ ਕੈਂਪ ਲਗਾਏ ਜਾਣ ਦਾ ਭਰੋਸਾ ਲੈਂਦਿਆਂ ਕਲੱਬ ਮੈਂਬਰਾਂ ਨੂੰ ਲਾਇਨ ਪਿੰਨਾਂ ਲਾ ਕੇ ਸਨਮਾਨਿਤ ਵੀ ਕੀਤਾ। ਇਸ ਮੌਕੇ ਹਾਜ਼ਰ ਪਤਵੰਤਿਆਂ 'ਚ ਹਰਦੇਵ ਸਿੰਘ ਬੇਦੀ, ਸੁੱਚਾ ਰਾਮ, ਸੁਰਿੰਦਰ ਪ੍ਰਕਾਸ਼ ਨਈਅਰ, ਡਾਕਟਰ ਮੁਕੇਸ਼ ਕੁਮਾਰ ਉਪਾਧਿਆਏ, ਸਤਨਾਮ ਅਰੋੜਾ (ਸਾਗਰ), ਨਿਰੰਜਨ ਸਿੰਘ, ਈਸ਼ ਅਰੋੜਾ, ਡਾਕਟਰ ਨਾਮਦੇਵ ਬੰਗੜ, ਡਾਕਟਰ ਬਲਵੀਰ ਬੱਲ, ਪਰਮਿੰਦਰ ਕੌਰ, ਮਮਤਾ, ਆਂਚਲ, ਗਗਨ, ਸੁਖਪ੍ਰੀਤ ਕੌਰ, ਜਸਵਿੰਦਰ ਕੌਰ, ਅਤੇ ਹਸਪਤਾਲ ਦਾ ਸਮੂਹ ਸਟਾਫ ਮੌਜੂਦ ਸੀ।

ਆਪ੍ਰੇਸ਼ਨ ਉਪਰੰਤ ਲੋੜਵੰਦ ਮਰੀਜ ਮੁੱਖ ਮਹਿਮਾਨ ਅਤੇ ਲਾਇਨਜ਼ ਕਲੱਬ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨਾਲ। ਤਸਵੀਰ : ਕਰਮ ਲਧਾਣਾ

ਨਾਬਾਲਗਾ ਨਾਲ ਸਰੀਰਕ ਸੰਬੰਧ ਬਣਾਉਣ ਵਾਲਾ ਕਾਬੂ

ਮਾਹਿਲਪੁਰ, 27 ਨਵੰਬਰ (ਰਜਿੰਦਰ ਸਿੰਘ)-ਥਾਣਾ ਮਾਹਿਲਪੁਰ ਦੀ ਪੁਲਿਸ ਨੇ ਨਾਬਾਲਗਾ ਨੂੰ ਵਿਆਹ ਦਾ ਝਾਂਸਾ ਦੇ ਕੇ ਉਸ ਨਾਲ ਸਰੀਰਕ ਸੰਬੰਧ ਬਣਾਉਣ ਵਾਲੇ ਵਿਅਕਤੀ ਨੂੰ ਕਾਬੂ ਕਰਕੇ ਅਗਲੀ ਕਾਰਵਾਈ ਸ਼ੁਰੂ ਦਿੱਤੀ ਹੈ। ਜਾਣਕਾਰੀ ਅਨੁਸਾਰ ਥਾਣਾ ਮੁਖੀ ਜੈ ਪਾਲ ਨੇ ਦੱਸਿਆ ਕਿ ਪਿੰਡ ਪੱਦੀ ਸੂਰਾ ਸਿੰਘ ਦੇ ਇਕ ਵਾਸੀ ਨੇ ਥਾਣਾ ਮਾਹਿਲਪੁਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਉਸ ਦੀ ਵੱਡੀ ਨਾਬਾਲਗ ਲੜਕੀ, ਜੋ 8ਵੀਂ ਕਲਾਸ ਵਿਚ ਪੜ੍ਹਦੀ ਹੈ। ਉਸ ਨੇ ਦੱਸਿਆ ਕਿ ਮਿਤੀ 18-11-2025 ਨੂੰ ਵਕਤ ਕਰੀਬ 2 ਵਜੇ ਰਾਤ ਲਖਵੀਰ ਰਾਮ ਪੁੱਤਰ ਚਰਨਜੀਤ ਵਾਸੀ ਚੋਹੜਾ ਥਾਣਾ ਗੜ੍ਹਸ਼ੰਕਰ ਉਸ ਦੀ ਲੜਕੀ ਨੂੰ ਆਪਣੇ ਨਾਲ ਵਿਆਹ ਦਾ ਝਾਂਸਾ ਦੇ ਕੇ ਆਪਣੇ ਪਿੰਡ ਚੋਹੜਾ ਲੈ ਗਿਆ ਸੀ ਉਸ ਨੇ ਉਸ ਦੀ ਲੜਕੀ ਨਾਲ ਉਸ ਨਾਲ ਸਰੀਰਕ ਸੰਬੰਧ ਬਣਾਏ। ਜਿਸ 'ਤੇ ਦੋਸ਼ੀ ਖ਼ਿਲਾਫ਼ ਮੁਕੱਦਮਾ ਦਰਜ ਕੀਤਾ।

ਬੰਗਾ ਵਿਖੇ ਵਿਸ਼ਾਲ ਭਗਵਤੀ ਜਾਗਰਣ ਦਾ ਪੋਸਟਰ ਜਾਰੀ ਕਰਦੇ ਹੋਏ ਪ੍ਰਬੰਧਕ।

ਬੰਗਾ ਵਿਖੇ ਵਿਸ਼ਾਲ ਭਗਵਤੀ ਜਾਗਰਣ ਕੱਲ੍ਹ

ਬੰਗਾ, 27 ਨਵੰਬਰ (ਧਰਮਵੀਰ ਪਾਲ, ਕੁਲਦੀਪ ਸਿੰਘ ਪਾਬਲਾ)-ਬੰਗਾ ਦੇ ਆਦਰਸ਼ ਨਗਰ 'ਚ ਸਥਿਤ ਮਾਤਾ ਚਿੰਤਪੂਰਨੀ ਮੰਦਰ ਵਿਖੇ 29 ਨਵੰਬਰ ਨੂੰ ਵਿਸ਼ਾਲ ਭਗਵਤੀ ਜਾਗਰਣ ਕਰਵਾਇਆ ਜਾਵੇਗਾ। ਪ੍ਰਬੰਧਕ ਕਮੇਟੀ ਵੱਲੋਂ 30 ਨਵੰਬਰ ਨੂੰ ਵਿਸ਼ਾਲ ਭੰਡਾਰਾ ਕਰਵਾਇਆ ਜਾਵੇਗਾ। ਮੰਦਰ ਕਮੇਟੀ ਦੇ ਮੁੱਖ ਪ੍ਰਬੰਧਕ ਰਾਕੇਸ਼ ਕੁਮਾਰ ਅਗਰਵਾਲ ਨੇ ਦੱਸਿਆ ਕਿ 29 ਨਵੰਬਰ ਨੂੰ ਰਾਤ 8 ਵਜੇ ਮੰਦਰ ਵਿਖੇ ਵਿਸ਼ਾਲ ਭਗਵਤੀ ਜਾਗਰਣ ਦੀ ਅਰੰਭਤਾ ਦੌਰਾਨ ਪੂਜਾ ਕਰਨ ਦੇ ਨਾਲ-ਨਾਲ ਅਮਿਤ ਕੌਸ਼ਲ ਐਂਡ ਪਾਰਟੀ ਅਤੇ ਵਿੱਕੀ ਸਿੰਗਰ ਐਂਡ ਪਾਰਟੀ ਮਾਤਾ ਰਾਣੀ ਦਾ ਗੁਣਗਾਨ ਕਰਨਗੇ। ਮਹੰਤ ਸੰਜੇ ਸ਼ਾਸਤਰੀ ਸ